# ਗੁਰੂ ਨਾਨਕ ਦੇਵ ਪੰਜਾਬੀ ਸਕੂਲ ਨੌਰਵੇ

ਜੀ ਆਇਆ ਨੂੰ,ਸਾਨੂੰ ਇਹ ਦਸਦਿਆਂ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕੇ ਇਹ ਤੁਹਾਡਾ ਆਪਣਾ ਨਵਾਂ ਪੰਜਾਬੀ ਸਕੂਲ ਹੈ, ਗੁਰੂ ਨਾਨਕ ਪੰਜਾਬੀ ਸਕੂਲ ਇੱਕ ਸਬ ਸਭਵਿੱਚਕ ਸੰਗਠਨ ਹੈ ਜੋ ਅਸੀਂ ਸਾਰੇ ਮਾਪੇ ਰਲ ਕੇ ਚਲਾਵਾਂਗੇ, ਅਸੀਂ ਇਸ ਸਕੂਲ ਰਾਹੀਂ ਆਪਣੇ ਬੱਚਿਆਂ ਨੂੰ ਪੰਜਾਬੀ ਦੇ ਨਾਲ ਗੁਰਮੁਖੀ ਅਤੇ ਸਾਡੇ ਸੱਭਿਆਚਾਰ ਬਾਰੇ ਦੱਸਣਾ ਚਾਹੁੰਦੇ ਹਾਂ, ਜੋ ਇਹ ਸਾਡੀ ਸਾਰਿਆਂ ਦੀ ਜੁੰਮੇਵਾਰੀ ਹੈ, ਕੇ ਅਸੀਂ ਪੰਜਾਬੀ ਭਾਸ਼ਾ ਨੂੰ ਆਉਣ ਵਾਲੀਆਂ ਪੀੜੀਆਂ ਤੱਕ ਲਿਜਾ ਸਕੀਏ, ਨਾ ਕਿ ਇਸ ਨੂੰ ਇੱਥੇ ਹੀ ਮਾਰ ਦੇਈਏ, ਵਿਗਿਆਨਿਕ ਤੋਰ ਤੇ ਇਹ ਸਿੱਧ ਹੋਇਆ ਕਿ ਦੋ ਭਾਸ਼ਾਵਾਂ ਬੋਲਣ ਵਾਲੇ ਬੱਚੇ ਬਹੁਤ ਹੀ ਹੁਸ਼ਿਆਰ ਤੇ ਸਮਾਜ ਵਿੱਚ ਵਿਚਰਨ ਵਾਲੇ ਹੁੰਦੇ ਹਨ, ਇਹ ਵੀ ਸਾਬਿਤ ਹੋਇਆ ਹੈ ਕਿ ਜਦੋ ਇਕ ਭਾਸ਼ਾ ਮਰਦੀ ਹੈ ਜਾ ਖਤਮ ਹੁੰਦੀ  ਹੈ ਤਾ ਉਸ ਭਾਸ਼ਾ ਨੂੰ ਵਰਤਣ/ਬੋਲਣ ਵਾਲੇ ਇਨਸਾਨ ਵੀ ਅਲੋਪ ਹੋ ਜਾਂਦੇ ਹਨ, ਤੇ ਨਾਲ ਹੀ ਸਾਡਾ  ਸਭਿਆਚਾਰ ਖਤਮ ਹੋ ਜਾਂਦਾ, ਇਸ  ਦੇ ਨਾਲ ਅਸੀਂ ਆਪਣੀ ਪਹਿਚਾਣ ਗੁਵਾ ਲੈਂਦੇ ਹਾਂ, ਆਓ ਅਸੀਂ ਸਾਰੇ ਰਲ ਮਿਲ ਕੇ ਇਸ ਭਾਸ਼ਾ ਨੂੰ  ਸੰਭਾਲ ਕੇ ਰੱਖੀਏ, ਗੁਰਮੁੱਖੀ  ਦੇ ਅੱਖਰਾਂ ਨੂੰ ਸਿਰਜੀਏ,

ਹੁਣ ਜਿਵੇ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ (ਕਰੋਨਾ ਮਹਾਮਾਰੀ) ਕਿਸ ਤਰਾਂ ਵੱਧ ਰਹੀ ਹੈ,
ਜਿਸ ਦੇ ਨਾਲ ਸਭ ਬੰਦ ਹੋਗਿਆ ਹੈ, ਤੇ ਇਸ ਦਾ ਅਸਰ ਸਾਡੇ ਸਕੂਲ ਤੇ ਵੀ ਪੈ ਰਿਹਾ ਹੈ,
ਪਰ ਫਿਰ ਵੀ ਅਸੀਂ ਸਾਰਿਆਂ ਨੇ, ਸੋਚ ਵਿਚਾਰ ਕਰਕੇ ਇਹ ਫੈਸਲਾ ਲਿਆ ਹੈ ਕੇ ਅਸੀਂ ਆਪਣੇ ਨਵੇਂ ਸਕੂਲ ਦਾ ਉਦਘਾਟਨ (zoom) ਰਾਹੀਂ ਕਰਕੇ ਆਪਣੇ ਬੱਚਿਆਂ ਨੂੰ online ਕਲਾਸਾਂ ਚਲਾਵਾਂਗੇ ਜਿਸ ਵਿਚ ਸਾਨੂੰ ਤੁਹਾਡੇ ਸਾਥ ਦੀ ਲੋੜ ਹੈ, ਸਾਰੇ ਅਧਿਆਪਕ ਆਪਣੀਆਂ ਕਲਾਸਾਂ ਦੇ ਬੱਚਿਆਂ ਅਤੇ ਮਾਤਾ ਪਿਤਾ ਨਾਲ ਗੱਲ ਕਰਕੇ ਬੱਚਿਆਂ  ਨੂੰ ਆਉਣ ਵਾਲੇ ਪ੍ਰੋਗਰਾਮ ਬਾਰੇ ਦਸਣਗੇ,
ਬੱਚਿਆਂ  ਦੀ ਸੁਰੱਖਿਆ ਸਾਡੇ ਲਈ ਬਹੁਤ ਜਰੂਰੀ ਹੈ ਕੇ ਅਸੀਂ ਸਾਰੇ (NHI) ਦੇ ਨਿਰਦੇਸ਼ਾਂ ਦੀ ਪਾਲਣਾ ਕਰਾਂਗੇ, ਇਸ ਲਈ ਅਸੀਂ ਬੱਚਿਆਂ  ਨੂੰ online ਕਲਾਸਾਂ ਲਾਵਾਂਗੇ ਜਿਸ ਨਾਲ ਬੱਚੇ ਪੰਜਾਬੀ ਨਾਲ ਜੁੜੇ ਰਹਿਣਗੇ, ਇਹ ਸਿਰਫ ਕਰੋਨਾ ਦਾ ਕਰਕੇ ਹੈ,
ਜਦ ਵੀ ਸਬ ਠੀਕ ਹੋ ਜਾਵੇਗਾ ਅਸੀਂ ਬਾਕੀ ਸਕੂਲਾਂ ਵਾਂਗ ਸਕੂਲ ਵਿਚ ਕਲਾਸਾਂ ਲਾਵਾਂਗੇ,
ਸਾਡਾ ਸਕੂਲ ਸ਼ੁਰੂ ਕਰਨ ਦਾ ਏਜੰਡਾ ਇਹ ਹੈ ਜੀ

ਵੀਰਵਾਰ 20/8/20 ZOOM  ਮੀਡੀਏ ਨੂੰ ਟੈਸਟ ਕੀਤਾ ਜਾਵੇਗਾ, ਅਸੀਂ ਚਾਹੁੰਦੇ ਹੈ ਜੀ ਕਿ ਸਾਰੇ ਮਾਂ ਬਾਪ ਸਕੂਲ ਦੇ ਉਦਘਾਟਨ ਤੋਂ ਪਹਿਲਾ ਇਸ  ਬਾਰੇ ਜਾਣੋ ਹੋ ਜਾਨ ਕੇ ਓਹਨਾ ਨੇ ਇਸ ਨੂੰ ਕਿਵੇਂ ਵਰਤਣਾ ਹੈ,ਕਾਫੀ ਜਾਣੇ ਇਸ ਬਾਰੇ ਜਾਂਦੇ ਹਨ, ਜੋ ਕੇ ਅਸੀਂ ਵਸਾਖੀ ਦੇ ਪ੍ਰੋਗਰਾਮ ਤੇ ਵਰਤਿਆ ਸੀ

1 ਸਕੂਲ ਦਾ ਉਦਘਾਟਨ  ਮਿਤੀ 21/08/20
ਸਭ ਤੋਂ ਪਹਿਲਾ ਗੁਰੂ ਅੱਗੇ  ਅਰਦਾਸ ਹੋਵੇਗੀ ਜੋ ਕੇ ਲਾਈਵ ਗੁਰੂਦਵਾਰ  ਤੋਂ ਆਰੰਭ  ਹੋਵੇਗੀ.
ਜਗਜੀਤ ਸਿੰਘ ਜੀ ਸਾਰਿਆਂ ਨੂੰ ਜੀ ਆਇਆ ਕਹਿਣਗੇ, ਤੇ ਸਕੂਲ ਬਾਰੇ ਦਸਣਗੇ ਕੇ ਬਾਕੀ ਸਾਰੀ ਟੀਮ ਬਾਰੇ ਜਾਣੋ ਕਰਵਉਣਗੇ, ਅਧਿਆਪਕ ਆਪਣੇ ਵਿਚਾਰ ਰੱਖਣਗੇ

2ਸਕੂਲ ਦਾ ਪਹਿਲਾ ਦਿਨ ਔਨਲਾਈਨ 28/08/20 ਨੂੰ ਹੋਵੇਗਾ,
ਅਧਿਆਪਕ ਮਾਂ ਬਾਪ ਤੇ ਬੱਚਿਆਂ ਨਾਲ ਗੱਲ ਕਰਨਗੇ, ਤੇ ਸਲੇਬਿਸ  ਬਾਰੇ ਦੱਸਣਗੇ ,ਤੇ ਅੱਗੇ ਬਾਰੇ ਜਾਣਕਾਰੀ ਦੇਣਗੇ  ਕੇ ਕਿਸ ਤਰਾਂ ਬੱਚਿਆਂ ਨੂੰ ਪੜਾਇਆ ਕਰਨਗੇ
ਅਧਿਆਪਕਾ  ਦੇ ਨਾਮ ਇਸ ਤਰਾਂ ਹਨ ਜੀ

1: ਬਲਜਿੰਦਰ ਕੌਰ ਅਤੇ ਕੁਲਦੀਪ ਕੌਰ
2: ਸਰਬਜੀਤ ਕੌਰ, ਬਲਜੀਤ ਕੌਰ
3: ਜਸਵੀਰ ਕੌਰ, ਗੁਰਪ੍ਰੀਤ ਕੌਰ
4: ਅਮਨਪ੍ਰੀਤ ਕੌਰ, ਮਨਪ੍ਰੀਤ ਕੌਰ
5: ਸਰਬਜੀਤ ਸਿੰਘ,
6: ਦਲਜੀਤ ਸਿੰਘ, ਤਜਿੰਦਰ ਕੌਰ
7: ਸੁਖਦੇਵ ਕੌਰ, ਜਗਮੋਹਨ ਸਿੰਘ, ਸੁਰਿੰਦਰ ਕੌਰ
8: ਸੁਖਦੇਵ ਕੌਰ, ਜਗਮੋਹਨ ਸਿੰਘ, ਸੁਰਿੰਦਰ ਕੌਰ
9: ਸੁਖਦੇਵ ਕੌਰ, ਜਗਮੋਹਨ ਸਿੰਘ, ਸੁਰਿੰਦਰ ਕੌਰ
10: ਸੁਖਦੇਵ ਕੌਰ, ਜਗਮੋਹਨ ਸਿੰਘ, ਸੁਰਿੰਦਰ ਕੌਰ

ਬਾਕੀ ਸਾਰੇ ਵੀਰ ਭੈਣ ਆਪਣੇ ਵਿਚਾਰ ਜਰੂਰ ਦਿਉ ਜਿਸ ਨਾਲ ਆਪਾ ਰਲਕੇ ਇਸ ਸਕੂਲ ਨੂੰ ਇਕ ਚੰਗੇ ਦਿਸ਼ਾ ਵੱਲ ਲਿਜਾ ਸਕੀਏ

ਜੀ ਆਇਆ ਨੂੰ.
ਤੁਹਾਡੀ ਉਡੀਕ ਵਿਚ ਤੁਹਾਡਾ ਆਪਣਾ ਨਵਾਂ ਪੰਜਾਬੀ ਸਕੂਲ